# India conveys its strong concern to Pakistan on the terror attack planned by JeM in the UT of Jammu and Kashmir

November 21, 2020

……………………………………………………………………………………………..

## ਜੰਮੂ ਕਸ਼ਮੀਰ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਜੈਸ਼-ਏ-ਮੁਹੰਮਦ ਵੱਲੋਂ ਵਿਉਂਤਬੰਦ ਕੀਤੇ ਗਏ ਅੱਤਵਾਦੀ ਹਮਲੇ ਬਾਰੇ ਭਾਰਤ ਨੇ ਪਾਕਿਸਤਾਨ ਨੂੰ ਜ਼ਾਹਰ ਕੀਤੀਆਂ ਆਪਣੀਆਂ ਡੂੰਘੀਆਂ ਚਿੰਤਾਵਾਂ

21 ਨਵੰਬਰ, 2020

19 ਨਵੰਬਰ 2020 ਨੂੰ ਜੰਮੂ-ਕਸ਼ਮੀਰ ਦੇ ਨਗਰੋਟਾ ਵਿਚ ਭਾਰਤੀ ਸੁਰੱਖਿਆ ਬਲਾਂ ਨੇ ਇਕ ਵੱਡਾ ਅੱਤਵਾਦੀ ਹਮਲਾ ਨਾਕਾਮ ਕਰ ਦਿੱਤਾ। ਮੁੱਢਲੀਆਂ ਰਿਪੋਰਟਾਂ ਤੋਂ ਸੰਕੇਤ ਮਿਲਿਆ ਹੈ ਕਿ ਹਮਲਾਵਰ ਸੰਯੁਕਤ ਰਾਸ਼ਟਰ ਅਤੇ ਹੋਰਨਾਂ ਕਈ ਦੇਸ਼ਾਂ ਵੱਲੋਂ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ (JeM) ਦੇ ਮੈਂਬਰ ਸਨ। ਭਾਰਤ ਸਰਕਾਰ ਨੇ ਜੈਸ਼-ਏ-ਮੁਹੰਮਦ ਵੱਲੋਂ ਜਾਰੀ ਅੱਤਵਾਦੀ ਹਮਲਿਆਂ ਬਾਰੇ ਡੂੰਘੀਆਂ ਚਿੰਤਾਵਾਂ ਪ੍ਰਗਟਾਈਆਂ।

ਜੈਸ਼-ਏ-ਮੁਹੰਮਦ ਇਸ ਤੋਂ ਪਹਿਲਾਂ ਭਾਰਤ ਅੰਦਰ ਹੋਏ ਕਈ ਹਮਲਿਆਂ ਵਿੱਚ ਸ਼ਾਮਲ ਰਿਹਾ ਹੈ, ਜਿਨ੍ਹਾਂ ਵਿੱਚ ਫਰਵਰੀ, 2019 ਵਿੱਚ ਹੋਇਆ ਪੁਲਵਾਮਾ ਹਮਲਾ ਵੀ ਸ਼ਾਮਲ ਹੈ। ਹਥਿਆਰਾਂ, ਗੋਲਾ ਬਾਰੂਦ ਅਤੇ ਵਿਸਫੋਟਕ ਸਮੱਗਰੀ ਦੇ ਬਰਾਮਦ ਕੀਤੇ ਗਏ ਵੱਡੇ ਭੰਡਾਰ ਤੋਂ ਜੰਮੂ ਕਸ਼ਮੀਰ ਕੇਂਦਰ ਸ਼ਾਸਤ ਪ੍ਰਦੇਸ਼ ਅੰਦਰ ਸ਼ਾਂਤੀ ਅਤੇ ਸੁਰੱਖਿਆ ਨੂੰ ਭੰਗ ਕਰਨ, ਖਾਸ ਤੌਰ 'ਤੇ ਉੱਥੇ ਚੱਲ ਰਹੀਆਂ ਸਥਾਨਕ ਜ਼ਿਲ੍ਹਾ ਵਿਕਾਸ ਪਰਿਸ਼ਦ ਚੋਣਾਂ ਦੇ ਲੋਕਤੰਤਰੀ ਕਾਰਜ ਵਿੱਚ ਭੰਗ ਪੈਦਾ ਕਰਨ, ਲਈ ਵੱਡੇ ਹਮਲੇ ਦੀ ਵਿਉਂਤਬੰਦੀ ਬਾਰੇ ਪਤਾ ਲਗਦਾ ਹੈ।

ਵਿਦੇਸ਼ ਮੰਤਰਾਲੇ ਵੱਲੋਂ ਪਾਕਿਸਤਾਨੀ ਕਾਰਜਕਾਰੀ ਰਾਜਦੂਤ ਨੂੰ ਤਲਬ ਕਰਕੇ ਹਮਲੇ ਦੀ ਕੋਸ਼ਿਸ਼ 'ਤੇ ਸਖ਼ਤ ਵਿਰੋਧ ਦਰਜ ਕਰਾਇਆ ਗਿਆ, ਜੋ ਸਿਰਫ ਭਾਰਤੀ ਸੁਰੱਖਿਆ ਬਲਾਂ ਦੇ ਚੌਕੰਨੇ ਰਹਿਣ ਕਾਰਨ ਹੀ ਨਾਕਾਮ ਹੋ ਸਕਿਆ। ਇਸ ਗੱਲ ਦੀ ਮੰਗ ਕੀਤੀ ਗਈ ਕਿ ਪਾਕਿਸਤਾਨ ਆਪਣੀ ਸਰਜ਼ਮੀਨ ਤੋਂ ਕਾਰਜਸ਼ੀਲ ਅੱਤਵਾਦੀਆਂ ਅਤੇ ਅੱਤਵਾਦੀ ਸਮੂਹਾਂ ਨੂੰ ਸਮਰਥਨ ਦੇਣ ਦੀ ਨੀਤੀ ਤੋਂ ਗੁਰੇਜ਼ ਕਰੇ ਅਤੇ ਹੋਰਨਾਂ ਦੇਸ਼ਾਂ ਵਿੱਚ ਹਮਲੇ ਕਰਨ ਲਈ ਅੱਤਵਾਦੀ ਸੰਗਠਨਾਂ ਦੁਆਰਾ ਚਲਾਏ ਜਾ ਰਹੇ ਬੁਨਿਆਦੀ ਅੱਤਵਾਦੀ ਢਾਂਚੇ ਨੂੰ ਖਤਮ ਕੀਤਾ ਜਾਵੇ। ਭਾਰਤ ਨੇ ਲੰਬੇ ਸਮੇਂ ਤੋਂ ਚਲੀ ਆ ਰਹੀ ਆਪਣੀ ਇਹ ਮੰਗ ਦੁਹਰਾਈ ਕਿ ਪਾਕਿਸਤਾਨ ਆਪਣੇ ਕੰਟਰੋਲ ਅਧੀਨ ਕਿਸੇ ਵੀ ਖੇਤਰ ਨੂੰ ਭਾਰਤ ਵਿਰੁੱਧ ਅੱਤਵਾਦ ਲਈ ਕਿਸੇ ਵੀ ਢੰਗ ਨਾਲ ਇਸਤੇਮਾਲ ਨਾ ਕਰਨ ਦੇਣ ਦੀਆਂ ਆਪਣੀਆਂ ਅੰਤਰਰਾਸ਼ਟਰੀ ਵਚਨਬੱਧਤਾਵਾਂ ਅਤੇ ਦੁਵੱਲੀਆਂ ਜ਼ਿੰਮੇਵਾਰੀਆਂ ਪੂਰੀਆਂ ਕਰੇ।

ਅੱਤਵਾਦ ਵਿਰੁੱਧ ਜੰਗ ਵਿੱਚ ਭਾਰਤ ਸਰਕਾਰ ਆਪਣੀ ਰਾਸ਼ਟਰੀ ਸੁਰੱਖਿਆ ਕਾਇਮ ਰੱਖਣ ਲਈ ਸਾਰੇ ਲੋੜੀਂਦੇ ਉਪਰਾਲੇ ਕਰਨ ਵਾਸਤੇ ਦ੍ਰਿੜ ਸੰਕਲਪ ਹੈ।

ਨਵੀਂ ਦਿਲੀ
21 ਨਵੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.